# ਸੋ ਸਲਿਤਾ ਗੰਗਾ ਹੋਇ ਨਿਬਰੀ

ਇਹ ਭੈਰਉ ਰਾਗ ਵਿਚ ਭਗਤ ਕਬੀਰ ਜੀ ਦਾ ਉਚਾਰਣ ਕੀਤਾ ਹੋਇਆ ਸ਼ਬਦ, hymn ਹੈ, ਜੋ ਪੰਨਾ ੧੧੫੮ ਤੇ ਸੁਭਾਇਮਾਨ ਹੈ। ਇਸ ਸ਼ਬਦ ਵਿਚ ਬਹੁਤ ਹੀ ਸੁੰਦਰ ਤਰਕ ਦੇ ਕੇ, ਸਾਧੂ ਸੰਗਤ ਦੀ ਅਤਿਅੰਤ ਲੋੜ ਅਤੇ ਮਹਿਮਾ ਗਾਈ ਗਈ ਹੈ। ਤਰਕ ਅਜਿਹੇ ਹਨ ਜਿਨ੍ਹਾਂ ਦਾ ਕੋਈ ਤੋੜ ਨਹੀਂ ਹੋ ਸਕਦਾ।

ਸਾਖੀ ਹੈ ਕਿ ਕਬੀਰ ਜੀ ਦੀ ਮਾਤਾ ਔਖੀ ਹੁੰਦੀ ਸੀ ਕਿ ਉਹ ਵਿਗੜ ਗਿਆ ਹੈ ਕਿ ਉਸਨੇ ਤਣਨਾ ਬੁਣਨਾ ਤਿਆਗ ਦਿਤਾ ਹੈ ਅਤੇ ਮਾਲਾ ਫੜ੍ਹ ਕੇ ਹਰ ਵੇਲੇ **ਰਾਮ-ਰਾਮ** ਹੀ ਕਰਦਾ ਰਹਿੰਦਾ ਹੈ। ਪਤਾ ਨਹੀਂ ਕਿਨ੍ਹਾਂ ਸੰਤਾਂ ਦੀ ਸੰਗਤਿ ਕਰਦਾ ਹੈ ਜਿਸ ਕਰਕੇ ਉਹ ਵਿਗੜ ਗਿਆ ਹੈ। ਪੰਜਵੇਂ ਪਾਤਸ਼ਾਹ ਨੇ ਵੀ ਇਹ ਇਸ਼ਾਰਾ ਅੰਕਿਤ ਕੀਤਾ ਹੈ : 'ਬੁਨਨਾ ਤਨਨਾ ਤਿਆਗਿ ਕੈ ਪ੍ਰੀਤਿ ਚਰਨ ਕਬੀਰਾ॥ ਨੀਚ ਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ॥', ਪੰਨਾ ੪੮੭.

ਇਸ ਸਾਰੇ ਸ਼ਬਦ ਵਿਚ 'ਬਿਗਰੀ', 'ਬਿਗਰਿਓ' ਲਫ਼ਜ਼ਾਂ ਦੀ ਕਈ ਵਾਰ ਵਰਤੋਂ ਹੋਈ ਹੈ। ਭਾਵੇਂ ਇਹ ਦੋਵੇਂ ਲਫ਼ਜ਼, ਭਗਤ ਕਬੀਰ ਜੀ ਨੇ ਆਪਣੀ ਮਾਤਾ ਦੇ ਹਵਾਲੇ ਨਾਲ ਜਾਂ quote ਕਰ ਕੇ ਕਟਾਖ ਵਜੋਂ ਵਰਤੇ ਹਨ, ਪਰ ਉਨ੍ਹਾਂ ਦਾ ਭਾਵ, ਪੂਰਨ ਰੂਪਾਂਤਰਣ ਤੋਂ ਹੈ। ਪੂਰੀ ਦੀ ਪੂਰੀ ਅਵਸਥਾ ਨੂੰ ਉਚੇਰੇ ਜਾਣ ਵਲ ਇਸ਼ਾਰਾ ਹੈ। ਜਿਵੇਂ ਦੋ ਰਸਾਇਣਕ ਪਦਾਰਥਾਂ, Chemicals ਦਾ ਆਪਸੀ ਮੇਲ ਹੋਣ ਤੇ ਪੂਰਨ ਪਰਿਵਰਤਨ ਹੋ ਕੇ ਇਕ ਨਵਾਂ ਰਸਾਇਣ ਹੋਂਦ ਵਿਚ ਆ ਜਾਂਦਾ ਹੈ, ਜਿਸ ਦੇ ਗੁਣ ਪਹਿਲੇ ਦੋਨਾਂ ਰਸਾਇਣਾਂ ਤੋਂ, chemicals ਤੋਂ ਨਵੇਂ ਹੁੰਦੇ ਹਨ। ਰਸਾਇਣ ਵਿਗਿਆਨ Chemistry ਵਿਚ ਇਸ ਤਰ੍ਹਾਂ ਦੇ ਪਰਿਵਰਤਨ ਨੂੰ Chemical change ਕਹਿੰਦੇ ਹਨ। ਮਿਸਾਲ ਦੇ ਤੌਰ ਤੇ ਜਿਸਤ + ਗੰਧਕ ਦਾ ਤਿਜ਼ਾਬ = ਜਿਸਤ ਸਲਫ਼ੇਟ + ਹਾਈਡਰੋਜਨ ਗੈਸ ($Zn+H_2SO_4 = ZnSO_4 + H_2$) ਇਨਾਂ ਸਾਰੇ ਰਸਾਇਣਾਂ ਦੀ ਪ੍ਰਕ੍ਰਿਤੀ ਬਿਲਕੁਲ ਵਖ ਵਖ ਹੈ ਤੇ ਨਵੇਂ ਪਦਾਰਥ ਹੋਂਦ ਵਿਚ ਆ ਜਾਂਦੇ ਹਨ ਅਤੇ ਇਹ ਪ੍ਰਤੀਕਰਮ ਜਾਂ reaction ਸਥਾਈ ਜਾਂ permanent ਹੈ, ਵਾਪਸ ਨਹੀਂ ਹੋ ਸਕਦਾ, irreversible ਹੈ। ਸਮੁਚੇ ਤੌਰ ਤੇ ਅਜਿਹਾ ਹੀ ਭਾਵ 'ਬਿਗਰਿਓ' ਤੋਂ ਨਿਕਲਦਾ ਹੈ ਕਿ ਭਗਤਾਂ ਦੀ ਸੰਗਤ ਕਰਨ ਨਾਲ ਮਨੁਖ ਦਾ ਸੁਭਾਅ ਭਗਤੀ ਭਾਵ ਵਾਲਾ, ਭਗਤ ਬਣ ਜਾਂਦਾ ਹੈ, ਪਹਿਲੇ ਵਰਗਾ ਨਹੀਂ ਰਹਿੰਦਾ।

**ਗੰਗਾ ਕੈ ਸੰਗਿ ਸਲਿਤਾ ਬਿਗਰੀ ॥**

**ਸੋ ਸਲਿਤਾ ਗੰਗਾ ਹੋਇ ਨਿਬਰੀ ॥੧॥**

-- ਕਬੀਰ ਸਾਹਿਬ ਜੀ ਫੁਰਮਾਣ ਕਰਦੇ ਹਨ ਕਿ ਜਿਵੇਂ ਗੰਗਾ ਵਿਚ ਪੈਣ ਨਾਲ ਛੋਟੀ ਨਦੀ ਵਿਗੜ ਜਾਂਦੀ ਹੈ, ਉਸ ਦਾ ਆਪਣਾ ਅਸਤਿਤਵ ਹੀ ਬਦਲ ਜਾਂਦਾ ਹੈ,

-- ਭਾਵ, ਉਸ ਵਿਚ ਅਜਿਹੀ ਤਬਦੀਲੀ ਆਉਂਦੀ ਹੈ ਕਿ ਉਹ ਗੰਗਾ ਹੀ ਹੋ ਨਿਬੜਦੀ ਹੈ, ਛੋਟੀ ਨਦੀ ਦਾ ਆਪਣਾ ਆਪਾ ਮੁਕ ਜਾਂਦਾ ਹੈ।੧।

ਭਗਤ ਰਵਿਦਾਸ ਜੀ ਇਸ ਪ੍ਰਥਾਇੰ ਫੁਰਮਾਣ ਕਰਦੇ ਹਨ ਕਿ ਜਿਵੇਂ ਅਪਵਿਤਰ ਸ਼ਰਾਬ ਅਤੇ ਭਾਵੇਂ ਕਿਤਨੇ ਵੀ ਹੋਰ ਗੰਦੇ ਪਾਣੀਆਂ ਦੇ ਛੋਟੀਆਂ ਨਦੀਆਂ ਨਾਲੇ ਵੀ ਗੰਗਾ ਵਿਚ ਮਿਲ ਕੇ ਆਪਣੀ ਗੰਦੀ, ਵਖਰੀ ਹਸਤੀ ਮਿਟਾ ਬੈਠਦੇ ਹਨ ਅਤੇ ਗੰਗਾ ਦਾ ਹੀ ਰੂਪ ਹੋ ਜਾਂਦੇ ਹਨ ਇਸੇ ਤਰ੍ਹਾਂ ਨੀਚ ਕਰਮੀਂ ਵੀ, ਮਹਾਤਮਾ ਦੀ, ਭਗਤ ਜਨਾਂ ਦੀ ਸੰਗਤਿ ਵਿਚ ਰਲ ਕੇ ਵਖਰੇ ਨਹੀਂ ਰਹਿ ਜਾਂਦੇ, ਉਨ੍ਹਾਂ ਵਾਂਙ ਪੂਜਣ ਯੋਗ ਹੋ ਜਾਂਦੇ ਹਨ - 'ਸੁਰਾ ਅਪਵਿਤ੍ਰ ਨਤ ਅਵਰ ਜਲ ਰੇ ਸੁਰਸਰੀ ਮਿਲਤ ਨਹਿ ਹੋਇ ਆਨੰ॥', ਪੰਨਾ ੧੨੯੩.

**ਬਿਗਰਿਓ ਕਬੀਰਾ ਰਾਮ ਦੁਹਾਈ ॥**

**ਸਾਚੁ ਭਇਓ ਅਨ ਕਤਹਿ ਨ ਜਾਈ ॥੧॥ ਰਹਾਉ ॥**

-- ਮਾਂ ਕਹਿੰਦੀ ਹੈ, ਹੇ ਰਾਮ ! ਦੁਹਾਈ ਹੈ ! ਕਬੀਰ ਵਿਗੜ ਗਿਆ ਹੈ, ਭਾਵ, ਸਾਧੂ ਸੰਗਤਿ ਕਰ ਕੇ ਵਿਗੜ ਗਿਆ ਹੈ।

ਸਾਖੀ ਅਨੁਸਾਰ ਭਗਤ ਕਬੀਰ ਜੀ ਦੀ ਮਾਤਾ ਕਹਿੰਦੀ ਹੈ ਕਿ ਜੁਲਾਹਿਆਂ ਵਾਲਾ ਕੰਮ, ਸੂਤ ਕਤਣਾ ਅਤੇ ਕਪੜਾ ਬੁਣਨਾ ਤਾਂ ਉਸ ਦੇ ਪੁਤਰ ਕਬੀਰ ਨੂੰ ਸੁਝਦੇ ਹੀ ਨਹੀਂ। ਬਸ, ਉਹ ਤਾਂ ਸਾਰਾ ਦਿਨ 'ਹਰਿ ਹਰਿ..' **ਰਾਮ ਰਾਮ..** ਦਾ ਜਾਪ ਹੀ ਜਪਦਾ ਰਹਿੰਦਾ ਹੈ ਅਤੇ ਇਸ ਦੇ ਰਸ ਵਿਚ ਹੀ ਲਿਪਟਿਆ ਪਿਆ ਹੈ - 'ਤਾਨਾ ਬਾਨਾ ਕਛੂ ਨ ਸੂਝੈ ਹਰਿ ਹਰਿ ਰਸਿ ਲਪਟਿਓ॥' ਹੋਰ ਕਹਿੰਦੀ ਹੈ ਕਿ ਉਨ੍ਹਾਂ ਦੀ ਜੁਲਾਹਿਆਂ ਦੀ ਕੁਲ ਵਿਚ ਕਦੇ ਕਿਸੇ ਨੇ ਰਾਮ ਨਾਮ ਨਹੀਂ ਜਪਿਆ ਸੀ। ਜਦੋਂ ਦੀ ਇਸ ਕਪੁਤਰ ਨੇ ਸਿਮਰਨ ਕਰਨ ਲਈ ਮਾਲਾ ਫ਼ੜੀ ਹੈ, ਤਦ ਤੋਂ ਘਰ ਦਾ ਸੁਖ ਚੈਨ ਜਾਂਦਾ ਰਿਹਾ ਹੈ - 'ਹਮਾਰੇ ਕੁਲ ਕਉਨੇ ਰਾਮੁ ਕਹਿਓ॥ ਜਬ ਕੀ ਮਾਲਾ ਲਈ ਨਿਪੂਤੇ ਤਬ ਤੇ ਸੁਖੁ ਨ ਭਇਓ॥' ਇਥੇ ਇਕ ਗਲ ਹੋਰ ਸਪੱਸ਼ਟ ਹੋ ਰਹੀ ਹੈ ਕਿ ਭਗਤ ਕਬੀਰ ਜੀ, ਪਹਿਲੇ, ਸਿਮਰਨ ਲਈ ਮਾਲਾ ਦੀ ਵਰਤੋਂ ਕਰਦੇ ਸਨ। ਇਸ ਲਈ ਕਬੀਰ ਜੀ ਦੇ ਇਕ ਸਲੋਕ ਦਾ ਹਵਾਲਾ ਦੇ ਕੇ, ਸਿਮਰਨ ਵੇਲੇ ਮਾਲਾ ਦੀ ਵਰਤੋਂ ਕਰਨਾ, ਉਸਨੂੰ ਅਨੁਚਿਤ ਠਹਿਰਾਉਣਾ, ਸਹੀ ਨਹੀਂ। ਸਿਮਰਨ ਵਿਚ ਪਰਪੱਕਤਾ ਹੋਣ ਤੋਂ ਬਾਅਦ ਜਦੋਂ ਸਿਮਰਨ ਰਸਨਾ, ਮਨ ਤੇ ਚੜ੍ਹ ਜਾਂਦਾ ਹੈ ਤਾਂ ਮਾਲਾ ਦੀ ਲੋੜ ਨਹੀਂ ਰਹਿੰਦੀ।

ਜਿਵੇਂ ਛੋਟੇ ਬਚੇ ਨੂੰ ਤੁਰਨਾ ਸਿਖਣ ਲਗਿਆਂ ਸਹਾਰੇ ਦੀ ਲੋੜ ਪੈਂਦੀ ਹੈ ਤੇ ਵਾੱਕਰ ਦਿਤੀ ਜਾਂਦੀ ਹੈ ਜਾਂ ਜਿਹੜਾ ਵਡੇਰੀ ਉਮਰ ਵਿਚ ਵੀ ਠੀਕ ਨਹੀਂ ਚਲ ਸਕਦਾ, ਉਸ ਨੂੰ ਲਾਠੀ ਆਦਿ ਦੀ ਲੋੜ ਪੈਂਦੀ ਹੈ। ਤੁਰਨਾ ਸਿਖ ਜਾਣ ਤੋਂ ਬਾਅਦ ਅਤੇ ਤੰਦਰੁਸਤ ਮਨੁਖਾਂ ਨੂੰ ਸਹਾਰੇ ਦੀ ਲੋੜ ਨਹੀਂ ਹੁੰਦੀ ਤੇ ਉਹ ਦੌੜੇ ਫ਼ਿਰਦੇ ਹਨ। ਇਸੇ ਤਰ੍ਹਾਂ ਸਿਮਰਨ ਵਿਚ ਪਰਪੱਕ ਜਾਣ ਤੋਂ ਬਾਅਦ ਮਾਲਾ ਦੀ ਲੋੜ ਨਹੀਂ। ਫ਼ਿਰ ਕਬੀਰ ਜੀ ਦਾ ਸਲੋਕ ਸਹੀ ਬੈਠਦਾ ਹੈ - 'ਕਬੀਰ ਮੇਰੀ ਸਿਮਰਨੀ ਰਸਨਾ ਊਪਰਿ ਰਾਮੁ॥', ਪੰਨਾ ੧੩੬੪.

ਭਗਤ ਜੀ ਆਪਣੇ ਵਿਗੜੇ ਹੋਣ ਤੇ ਕਟਾਖ ਵੀ ਕਰਦੇ ਹਨ ਕਿ ਉਹ ਤਾਂ 'ਮੈਂ ਤਾਂ ਵਿਗੜ ਗਿਆ ਹਾਂ। ਤੁਸੀਂ ਆਪਣੀ ਖ਼ੈਰ ਮਨਾਉ। ਜੋ ਮੈਨੂੰ ਵਿਗੜਿਆ ਸਮਝਦੇ ਹਨ, ਉਹ ਮੇਰੇ, ਭਾਵ, ਨਾਮ ਜਪਣ ਦੇ ਰਸਤੇ ਤੇ ਨਾ ਪੈਣ' - 'ਮੈ ਬਿਗਰਿਓ ਬਿਗਰੈ ਮਤਿ ਅਉਰਾ॥..ਮੈ ਬਿਗਰੇ ਅਪਨੀ ਮਤਿ ਖੋਈ॥ ਹਮਰੇ ਭਰਮਿ ਭੂਲਉ ਮਤਿ ਕੋਈ॥', ਪੰਨਾ ੮੫੫. ਭਗਤ ਕਬੀਰ ਜੀ ਦੀ ਮਾਤਾ ਦਾ ਆਪਣੇ ਪੁਤਰ ਬਾਰੇ ਰੋਣਾ ਤੇ ਪੋਤਰਿਆਂ ਬਾਰੇ ਫ਼ਿਕਰਮੰਦ ਹੋਣ ਬਾਰੇ, ਭਗਤ ਜੀ ਹੋਰ ਥਾਂ ਤੇ ਵੀ ਦਸਦੇ ਹਨ - 'ਮੁਸਿ ਮੁਸਿ ਰੋਵੈ ਕਬੀਰ ਕੀ ਮਾਈ॥ ਏ ਬਾਰਿਕ ਕੈਸੇ ਜੀਵਹਿ ਰਘੁਰਾਈ॥ ਤਨਨਾ ਬੁਨਨਾ ਸਭੁ ਤਜਿਓ ਹੈ ਕਬੀਰ॥ **ਹਰਿ ਕਾ ਨਾਮੁ ਲਿਖਿ ਲੀਓ ਸਰੀਰ**॥', ਪੰਨਾ ੫੨੪. ਜਿਵੇਂ ਹਨੂੰਮਾਨ ਜੀ ਨੇ ਸੀਤਾ ਜੀ ਨੂੰ ਆਪਣਾ ਤਨ ਚੀਰ ਕੇ ਰਾਮ ਨਾਮ ਦੀ ਧੁਨੀ ਸਣਾ ਦਿਤੀ ਸੀ ਇਸੇ ਤਰ੍ਹਾਂ ਕਬੀਰ ਜੀ ਨੇ ਆਪਣੇ ਸਰੀਰ ਤੇ ਰਾਮ ਦਾ ਨਾਂ ਪਕੇ ਤੌਰ ਤੇ ਲਿਖ ਲਿਆ ਹੈ।

-- ਅਸਲ ਗਲ ਤਾਂ ਇਹ ਹੈ ਕਿ ਕਬੀਰ ਤਾਂ ਸਚ ਰੂਪ, ਭਾਵ, ਪਰਮਾਤਮਾ ਦਾ ਰੂਪ ਹੋ ਨਿਬੜਿਆ ਹੈ, ਹੁਣ ਉਹ ਇਧਰ ਉਧਰ ਨਹੀਂ ਭਟਕਦਾ, ਭਾਵ, ਸੁਰਤਿ ਸਦਾ ਪਰਮਾਤਮਾ ਦੇ ਨਾਮ ਵਿਚ ਲਗੀ ਰਹਿੰਦੀ ਹੈ।੧।ਰਹਾਉ।

**ਚੰਦਨ ਕੈ ਸੰਗਿ ਤਰਵਰੁ ਬਿਗਰਿਓ ॥**

**ਸੋ ਤਰਵਰੁ ਚੰਦਨੁ ਹੋਇ ਨਿਬਰਿਓ ॥੨॥**

-- ਠੀਕ ਉਸੇ ਤਰ੍ਹਾਂ ਜਿਵੇਂ ਚੰਦਨ ਦੇ ਨਾਲ ਰਹਿ ਕੇ ਕੋਈ ਵੀ ਰੁਖ ਇਸੇ ਤਰ੍ਹਾਂ ਵਿਗੜ ਜਾਂਦਾ ਹੈ,

-- ਕਿ ਉਹ ਵੀ ਸੁਗੰਧਿਤ ਹੋ ਜਾਂਦਾ ਹੈ ਭਾਵ, ਚੰਦਨ ਦਾ ਰੂਪ ਹੀ ਹੋ ਨਿਬੜਦਾ ਹੈ। 'ਬਿਗਰਿਓ' ਸ਼ਬਦ, ਭਾਵ, '**ਵਿਗੜਿਆ**' ਸ਼ਬਦ, ਉਹ ਆਪਣੀ ਮਾਤਾ ਦਾ ਵਰਤਿਆ ਹੋਣ ਕਰ ਕੇ, ਕਟਾਖ ਰੂਪ ਵਿਚ ਵਾਰ ਵਾਰ ਵਰਤ ਰਹੇ ਹਨ।੨।

ਸ੍ਰੀ ਗੁਰੂ ਅਮਰਦਾਸ ਸਾਹਿਬ ਨੇ ਵੀ, ੬੬੮ ਪੰਨੇ ਤੇ, ਗੁਰੂ ਨੂੰ, ਮਹਾਤਮਾ ਨੂੰ ਚੰਦਨ ਅਤੇ ਪਾਰਸ ਕਿਹਾ ਹੈ ਜਿਸ ਦੀ ਸੰਗਤ ਕੀਤਿਆਂ ਮਨੁਖ ਚੰਦਨ ਵਾਂਙ ਸੁਗੰਧਿਤ ਅਤੇ ਸੋਨੇ ਵਾਂਙ ਸ਼ੁਧ ਬਣ ਜਾਂਦਾ ਹੈ - 'ਰਾਮ ਪਾਰਸ ਚੰਦਨ ਹਮ ਕਾਸਟ ਲੋਸਟ॥ ਹਰਿ ਸੰਗਿ ਹਰੀ ਸਤ ਸੰਗੁ ਭਏ ਹਰਿ ਕੰਚਨੁ ਚੰਦਨੁ ਕੀਨੇ॥' ਇਸੇ ਤਰ੍ਹਾਂ ਆਦਿ ਸ੍ਰੀ ਗੁਰੂ ਨਾਨਕ ਸਾਹਿਬ ਨੇ ਵੀ, ੭੨੧ ਪੰਨੇ ਤੇ, ਫ਼ੁਰਮਾਣ ਕੀਤਾ ਹੈ ਕਿ ਵਾਹਗੁਰੂ ਦਾ ਭਗਤ ਚੰਦਨ ਹੁੰਦਾ ਹੈ, ਉਸਦਾ ਸੁਭਾਅ ਵੀ ਦੂਜਿਆਂ ਨੂੰ ਨਾਮ ਦੀ ਸੁਗੰਧੀ ਨਾਲ ਸੁਗੰਧਿਤ (ਪਰਮਲੁ) ਕਰਨਾ ਹੈ, ਭਾਵੇਂ ਭਗਤ ਕਿਸੇ ਵੀ ਜਾਤ, ਵਰਣ ਵਿਚ ਜੰਮਿਆਂ ਹੋਵੇ - 'ਚੰਦਨ ਭਗਤਾ ਜੋਤਿ ਇਨੇਹੀ ਸਰਬੇ ਪਰਮਲੁ ਕਰਣਾ॥... ਐਸਾ ਭਗਤੁ ਵਰਨ ਮਹਿ ਹੋਇ॥' ਸ੍ਰੀ ਗੁਰੂ ਰਾਮਦਾਸ ਸਾਹਿਬ ਵੀ, ੮੬੧ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਜਿਵੇਂ ਚੰਦਨ ਦੇ ਨਾਲ ਵਸਣ ਨਾਲ ਅਰਿੰਡ ਵਰਗੇ ਬੂਟੇ ਵੀ ਸੁਗੰਧਿਤ ਹੋ ਜਾਂਦੇ ਹਨ ਇਸੇ ਤਰ੍ਹਾਂ ਭਗਤ ਜਨਾਂ ਦੀ ਸੰਗਤਿ ਵਿਚ ਰਹਿ ਕੇ ਮਨੁਖ ਵੀ ਭਗਤੀ ਵਿਚ ਲਗ ਜਾਂਦੇ ਹਨ - 'ਜਿਉ ਚੰਦਨ ਨਿਕਟਿ ਵਸੈ ਹਿਰਡੁ ਬਪੁੜਾ ਤਿਉ ਸਤ ਸੰਗਤਿ ਮਿਲਿ ਪਤਿਤ ਪਰਵਾਣੁ॥' ਭਗਤ ਕਬੀਰ ਸਾਹਿਬ ਆਪਣੇ ਸਲੋਕਾਂ ਵਿਚ ਵੀ ਇਹੀ ਵਰਤਾਰਾ ਦਸਦੇ ਹਨ - 'ਓਇ ਭੀ ਚੰਦਨੁ ਹੋਇ ਰਹੇ ਬਸੇ ਜੁ ਚੰਦਨ ਪਾਸਿ॥੧੧॥' ਭਾਵ, ਜੋ ਮਨੁਖ ਭਗਤਾਂ ਦੀ ਸੰਗਤਿ ਵਿਚ ਰਹਿੰਦੇ ਹਨ ਉਹ ਵੀ ਭਗਤੀ ਮਾਰਗ ਤੇ ਲਗ ਤੁਰਦੇ ਹਨ।

**ਪਾਰਸ ਕੈ ਸੰਗਿ ਤਾਂਬਾ ਬਿਗਰਿਓ ॥**

**ਸੋ ਤਾਂਬਾ ਕੰਚਨੁ ਹੋਇ ਨਿਬਰਿਓ ॥੩॥**

-- ਇਵੇਂ ਹੀ ਪਾਰਸ ਦੇ ਨਾਲ ਲਗ ਕੇ ਤਾਂਬਾ ਵੀ ਵਿਗੜ ਜਾਂਦਾ ਹੈ, ਆਪਣਾ ਰੂਪ ਵਟਾ ਲੈਂਦਾ ਹੈ।

-- ਭਾਵ, ਉਸ ਵਿਚ ਅਜਿਹੀ ਤਬਦੀਲੀ ਆਉਂਦੀ ਹੈ ਕਿ ਉਹ ਸੋਨਾ ਹੀ ਹੋ ਨਿਬੜਦਾ ਹੈ, ਇਥੇ ਸੋਨੇ ਦਾ ਭਾਵ ਸ਼ੁਧਤਾ ਨਾਲ ਹੈ।੩।

ਸ੍ਰੀ ਗੁਰੂ ਨਾਨਕ ਸਾਹਿਬ ਦਾ ਫ਼ੁਰਮਾਣ ਹੈ ਕਿ ਜਿਵੇਂ ਪਾਰਸ ਨਾਲ ਭੇਂਟ ਹੋਣ ਤੇ ਲੋਹਾ, ਸੋਨਾ ਬਣ ਜਾਂਦਾ ਹੈ, ਤਿਵੇਂ ਹੀ ਸਤ ਸੰਗਤ ਮਿਲਣ ਤੇ ਮਨੁਖ ਵੀ ਸਾਧੂ, ਭਗਤ ਬਣ ਜਾਂਦਾ ਹੈ, ਇਹੀ ਮਹਾਤਮਾ ਦੀ ਸੰਗਤਿ ਦੀ ਵਡਿਆਈ ਹੈ - 'ਪਾਰਸੁ ਭੇਟਿ ਕੰਚਨੁ ਧਾਤੁ ਹੋਈ ਸਤ ਸੰਗਤਿ ਕੀ ਵਡਿਆਈ॥', ਪੰਨਾ ੫੦੫. ਇਕ ਥਾਂ ਹੋਰ, ੪੮੧ ਪੰਨੇ ਤੇ, ਭਗਤ ਕਬੀਰ ਜੀ ਦਾ ਫ਼ੁਰਮਾਣ ਹੈ ਕਿ ਸਾਧੂ ਦੀ ਸੰਗਤ ਨਾਲ ਮਨੁਖ ਨੂੰ ਬਿਬੇਕ ਬੁਧਿ ਦੀ ਇੰਞ ਪ੍ਰਾਪਤੀ ਹੋ ਜਾਂਦੀ ਹੈ ਜਿਵੇਂ ਪਾਰਸ ਨੂੰ ਛੋਹ ਕੇ ਲੋਹਾ, ਸੋਨਾ ਬਣ ਜਾਂਦਾ ਹੈ - 'ਸਤ ਸੰਗਤਿ ਮਿਲਿ ਬਿਬੇਕ ਬੁਧਿ ਹੋਈ॥ ਪਾਰਸੁ ਪਰਸਿ ਲੋਹਾ ਕੰਚਨੁ ਸੋਈ॥'

## ਸੰਤਨ ਸੰਗਿ ਕਬੀਰਾ ਬਿਗਰਿਓ ॥

## ਸੋ ਕਬੀਰੁ ਰਾਮੈ ਹੋਇ ਨਿਬਰਿਓ ॥੪॥੫॥

-- ਉਪਰ ਦਿਤੇ, ਸੰਗਤ ਦੇ, ਸਾਰੇ ਦ੍ਰਿਸ਼ਟਾਂਤਾਂ ਵਾਂਙ, ਭਗਤ ਕਬੀਰ ਜੀ ਫ਼ੁਰਮਾਣ ਕਰਦੇ ਹਨ, ਸੰਤ ਜਨਾਂ ਦੀ ਸੰਗਤ ਸਦਕਾ ਕਬੀਰ ਜੀ ਵੀ ਵਿਗੜ ਗਏ ਹਨ, ਉਨ੍ਹਾਂ ਦੇ ਸਰੂਪ ਦਾ ਰੂਪਾਂਤਰਣ ਹੋ ਗਿਆ ਹੈ।

ਭਗਤ ਕਬੀਰ ਜੀ ਦੀ ਮਾਤਾ ਆਪਣਾ ਦੁਖ ਫ਼ਰੋਲਦੀ ਹੈ, ਆਪਣੇ ਪੁਤਰ ਨੂੰ ਕੌੜੇ ਸ਼ਬਦਾਂ ਨਾਲ ਕੋਸਦੀ ਹੈ ਕਿ ਇਹ, ਜਿਸ ਤੇ ਸਮਝਣ ਸਮਝਾਉਣ ਦਾ ਕੋਈ ਪ੍ਰਭਾਉ ਨਹੀਂ ਪੈਂਦਾ, ਨਿਤ ਉਠ ਕੇ ਗਾਗਰ ਭਰ ਲਿਆਉਂਦਾ ਹੈ ਤੇ ਆਪਣੇ ਬਹਿਣ ਦੀ ਥਾਂ ਲੀਪਦਾ ਰਹਿੰਦਾ ਹੈ - 'ਨਿਤ ਉਠਿ ਕੋਰੀ ਗਾਗਰਿ ਆਨੈ ਲੀਪਤ ਜੀਉ ਗਇਓ॥', ਪੰਨਾ ੮੫੬. 'ਕੋਰੀ' ਸ਼ਬਦ ਪ੍ਰਯੋਗ ਬਹੁਤ ਹੀ ਨਖਿਧ ਵਿਅਕਤੀ ਲਈ ਕੀਤਾ ਜਾਂਦਾ ਹੈ, ਉਸ ਨੂੰ ਕੋਹੜੀ ਵੀ ਕਹਿ ਦਿਤਾ ਜਾਂਦਾ ਸੁਣਿਆਂ ਗਿਆ ਹੈ। ਕੁਝ ਕੁ ਨੇ ਇਸ ਦਾ ਅਰਥ 'ਜੁਲਾਹਾ' ਵੀ ਕੀਤਾ ਹੈ। ਅਸਲ ਵਿਚ ਭਗਤ ਜੀ ਕੋਲ, ਉਨ੍ਹਾਂ ਦੇ ਘਰ, ਸਾਧੂਆਂ ਸੰਤਾਂ, ਨਾਮ ਜਪਣ ਵਾਲਿਆਂ ਦਾ ਤਾਂਤਾ ਲਗਿਆ ਰਹਿੰਦਾ ਸੀ। ਉਨ੍ਹਾਂ ਦਾ ਨੇਮ ਸੀ ਕਿ ਉਹ, ਉਨ੍ਹਾਂ ਲਈ ਬੈਠਣ ਦੀ ਥਾਂ ਦੀ ਸਫ਼ਾਈ ਲਈ ਨਿਤ ਪਾਣੀ ਦੀ ਗਾਗਰ ਭਰ ਲਿਆਉਂਦੇ ਤੇ ਜਗ੍ਹਾ ਲੇਪ ਕੇ ਸਾਫ਼ ਸੁਥਰੀ ਕਰਦੇ ਸਨ ਅਤੇ ਇੰਞ ਆਏ ਸਾਧੂ ਸੰਤਾਂ ਦਾ ਸਤਿਕਾਰ ਕਰਦੇ ਸਨ। ਫ਼ਿਰ ਉਨ੍ਹਾਂ ਨਾਲ ਬੈਠ ਕੇ ਪਰਮੇਸ਼ਰ ਦੀ ਭਜਨ ਬੰਦਗੀ ਵਿਚ ਰੁਝੇ ਰਹਿੰਦੇ ਸਨ।

-- ਭਾਵ, ਉਨ੍ਹਾਂ ਵਿਚ ਅਜਿਹੀ ਤਬਦੀਲੀ ਆਈ ਹੈ ਕਿ ਉਹ ਰਾਮ ਦਾ ਰੂਪ ਹੋ ਨਿਬੜੇ ਹਨ, ਜਿਵੇਂ ਕਿ, ੯੬੯ ਪੰਨੇ ਤੇ, ਉਨ੍ਹਾਂ ਦੇ ਆਪਣੇ ਬਚਨ ਹਨ - 'ਰਾਮ ਕਬੀਰਾ ਏਕ ਭਏ ਹੈ ਕੋਇ ਨ ਸਕੈ ਪਛਾਨੀ॥' ਇਹੀ ਹੈ ਤਬਦੀਲੀ, ਜਿਸ ਲਈ ਭਗਤ ਜੀ ਲਈ ਉਸ ਸਮੇਂ 'ਬਿਗਰਿਓ' ਸ਼ਬਦ ਦੀ ਵਰਤੋਂ ਹੋਈ ਸੀ।੪।੫।

ਆਪਣੀ ਮਾਤਾ ਦੇ ਜਵਾਬ ਵਿਚ ਭਗਤ ਜੀ ਫ਼ੁਰਮਾਣ ਕਰਦੇ ਹਨ ਕਿ ਉਨ੍ਹਾਂ ਨੇ ਸੰਤ ਜਨਾਂ ਦੀ ਸੰਗਤਿ ਤੋਂ ਹੀ ਸਾਰੇ ਪਾਪਾਂ ਦੇ ਨਾਸ਼ ਕਰਨ ਵਾਲੇ ਪ੍ਰਭੂ ਨੂੰ ਪ੍ਰਾਪਤ ਕਰ ਲਿਆ ਹੈ - 'ਕਹਤ ਕਬੀਰੁ ਸਗਲ ਪਾਪ ਖੰਡਨੁ **ਸੰਤਹ ਲੈ ਉਧਰਿਓ**॥', ਪੰਨਾ ੮੫੬. ਆਪਣੇ ਸਲੋਕਾਂ ਵਿਚ ਤਾਂ ਭਗਤ ਜੀ ਨੇ ਇਥੋਂ ਤਕ ਬਚਨ ਕਰ ਦਿਤੇ ਕਿ ਜਿਸ ਦੇ ਘਰ ਵਿਚ ਸਾਧੂ ਸੰਤਾਂ, ਨਾਮ ਜਪਣ ਵਾਲਿਆਂ ਦੀ ਸੇਵਾ ਨਹੀਂ ਹੁੰਦੀ ਉਥੇ ਭਜਨ ਬੰਦਗੀ, ਹਰੀ ਦੀ ਸੇਵਾ ਸੰਭਵ ਹੀ ਨਹੀਂ ਅਤੇ ਅਜਿਹੇ ਘਰ ਸਾਖ਼ਸ਼ਾਤ ਸ਼ਮਸ਼ਾਨ ਭੂਮੀ ਹਨ ਅਤੇ ਉਨ੍ਹਾਂ ਵਿਚ ਰਹਿਣ ਵਾਲੇ ਭੂਤਨੇ - 'ਕਬੀਰ ਜਾ ਘਰ ਸਾਧ ਨ ਸੇਵੀਅਹਿ ਹਰਿ ਕੀ ਸੇਵਾ ਨਾਹਿ॥ ਤੇ ਘਰ

ਮਰਹਟ ਸਾਰਖੇ ਭੂਤ ਬਸਹਿ ਤਿਨ ਮਾਹਿ॥', ਪੰਨਾ ੧੩੭੪.

ਜਿਵੇਂ ਛੋਟੀ ਨਦੀ ਗੰਗਾ ਵਿਚ ਮਿਲ ਕੇ ਗੰਗਾ ਹੋ ਗਈ, ਚੰਦਨ ਦੀ ਸੰਗਤਿ ਨਾਲ ਕੋਈ ਵੀ ਦਰੱਖਤ ਸੁਗੰਧਿਤ ਹੋ ਗਿਆ, ਪਾਰਸ ਨਾਲ ਮਿਲ ਕੇ ਲੋਹਾ ਤਾਂਬਾ ਸੋਨਾ ਬਣ ਗਿਆ ਤਿਵੇਂ ਕਬੀਰ ਜੀ ਸੰਤਾਂ, ਭਗਤਾਂ ਨਾਲ ਮਿਲ ਕੇ ਰਾਮ ਦਾ ਰੂਪ ਬਣ ਗਏ।

ਭਗਤ ਕਬੀਰ ਜੀ ਨੇ ਸੰਤ ਜਨਾਂ ਦੀ ਸੰਗਤਿ ਬਾਰੇ ਇਉਂ ਬਚਨ ਕੀਤੇ ਹਨ, ਜਿਨ੍ਹਾਂ ਦੇ ਮਥੇ ਤੇ ਚੰਗੇ ਕਰਮ, ਭਾਗ ਲਿਖੇ ਹੁੰਦੇ ਹਨ ਉਹ ਹੀ ਸੰਤ ਜਨਾਂ ਦੀ ਸੰਗਤਿ ਵਿਚ ਆਉਂਦੇ ਹਨ। ਉਨ੍ਹਾਂ ਦੀ ਸੰਗਤਿ ਕਰਨ ਨਾਲ ਮਨੁਖ ਭਵਸਾਗਰ ਇੰਝ ਤਰ ਜਾਂਦਾ ਹੈ ਜਿਵੇਂ ਲਕੜ ਦੇ ਸਹਾਰੇ ਲੋਹਾ ਤਰਦਾ ਹੈ - 'ਕਰਮ ਭਾਗ ਸੰਤਨ ਸੰਗਾਨੇ ਕਾਸਟ ਲੋਹ ਉਧਾਰਿਓ ਰੇ॥', ਪੰਨਾ ੩੩੫. ਇਥੇ 'ਸੰਤਨ' ਸ਼ਬਦ ਬਹੁਵਚਨ ਹੈ। ਭਗਤ ਜੀ ਨੇ ਇਥੋਂ ਤਕ ਬਚਨ ਕਰ ਦਿਤੇ ਹਨ ਕਿ ਜੋ ਮਨੁਖ ਭਗਤ ਜਨਾਂ ਦੇ ਬਚਨਾਂ ਨੂੰ ਨਹੀਂ ਮੰਨਦੇ ਉਨ੍ਹਾਂ ਨੂੰ ਆਪਣੇ ਕੀਤੇ ਕਰਮਾਂ ਦਾ ਫ਼ਲ ਭੋਗਣਾ ਹੀ ਪੈਂਦਾ ਹੈ - 'ਜਨ ਭਗਤਨ ਕੋ ਕਹੋ ਨ ਮਾਨੇ ਕੀਓ ਅਪਨੋ ਪਈ ਹੈ॥', ਪੰਨਾ ੫੨੪.

ਸਾਰੇ ਸ਼ਬਦ ਦਾ ਭਾਵ, ਮਨੁਖ ਦਾ, ਰਾਮ ਰੂਪ ਹੋਣ ਲਈ, ਰਾਮ ਰੂਪ ਸੰਤ ਜਨਾਂ ਦੀ ਸੰਗਤ ਵਿਚ ਆਉਣਾ ਅਤੇ ਉਨ੍ਹਾਂ ਦੇ ਗੁਣ ਧਾਰਨ ਕਰਨਾ ਜ਼ਰੂਰੀ ਹੈ।

